# BUDHA DAL PUBLIC SCHOOL, PATIALA
## FINAL EXAMINATION (2 March 2023)
### Class-V
### Sub: Punjabi
### (Set - B)

Time:2.30hrs. Marks:60

ਪ੍ਰ1. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ। (4)

ਵੱਡਮੁੱਲਾ, ਉਦਾਸੀ, ਫ਼ੈਸਲਾ, ਨੇਮ

ਪ੍ਰ2. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਅੱਗੇ (✓) ਦਾ ਨਿਸ਼ਾਨ ਲਗਾਉ। (4)

1. ਹਾਥੀ ਨੂੰ ਨਦੀ 'ਤੇ ਕੌਣ ਲੈ ਕੇ ਜਾ ਰਿਹਾ ਸੀ?
   ੳ) ਬਚਨ ਅ) ਮਹਾਵਤ
2. ਅੰਮ੍ਰਿਤਾ ਪ੍ਰੀਤਮ ਨੂੰ ਸਾਹਿਤ ਦੀ ਚੇਟਕ ਕਿੱਥੋਂ ਲੱਗੀ ਸੀ?
   ੳ) ਘਰ ਵਿੱਚੋਂ ਅ) ਸਕੂਲ ਵਿੱਚੋਂ
3. ਚਿੜੀ ਅਤੇ ਹਾਥੀ ਵਿੱਚ ਮੁਕਾਬਲਾ ਕਿੰਨੇ ਦਿਨਾਂ ਬਾਅਦ ਹੋਣਾ ਸੀ?
   ੳ) ਦਸ ਦਿਨ ਅ) ਵੀਹ ਦਿਨ
4. ਅੰਮ੍ਰਿਤਾ ਪ੍ਰੀਤਮ ਦਾ ਵਿਆਹ ਕਿੰਨੇ ਸਾਲ ਦੀ ਉਮਰ ਵਿੱਚ ਹੋਇਆ?
   ੳ) 16 ਸਾਲ ਵਿੱਚ ਅ) 18 ਸਾਲ ਵਿੱਚ

ਪ੍ਰ3. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ: (5)

1. ਅੰਮ੍ਰਿਤਾ ਪ੍ਰੀਤਮ ਨੇ ਕਿਹੜੇ-ਕਿਹੜੇ ਸਾਹਿਤ-ਰੂਪਾਂ ਦੀ ਰਚਨਾ ਕੀਤੀ?
2. ਬਚਨ ਨੇ ਚਿੜੀ ਨੂੰ ਹਾਥੀ ਨਾਲ ਲੜਾਈ ਕਰਨ ਲਈ ਕਿਵੇਂ ਤਿਆਰ ਕੀਤਾ?
3. ਬਚਨ ਗੱਤੇ ਦੇ ਕੰਨ ਵਿੱਚ ਕੀ ਰੱਖ ਦਿੰਦਾ ਸੀ?

ਪ੍ਰ4. ਹੇਠ ਲਿਖੇ ਵਾਕਾਂ ਅੱਗੇ ਸਹੀ ਜਾਂ ਗ਼ਲਤ ਲਿਖੋ। (4)

1. ਬਚਨ ਨੇ ਕੰਧ ਉੱਪਰ ਸ਼ੇਰ ਦੀ ਪੇਂਟਿੰਗ ਬਣਵਾਈ।
2. ਅੰਮ੍ਰਿਤਾ ਪ੍ਰੀਤਮ ਦੀ ਪੰਜਾਬੀ ਸਾਹਿਤ ਨੂੰ ਵੱਡੀ ਦੇਣ ਹੈ।
3. ਮਹਾਵਤ ਹਾਥੀ ਨੂੰ ਨਦੀ 'ਤੇ ਸੈਰ ਕਰਾਉਣ ਲੈ ਕੇ ਜਾ ਰਿਹਾ ਸੀ।
4. ਅੰਮ੍ਰਿਤਾ ਪ੍ਰੀਤਮ ਦੀ ਪਹਿਲੀ ਛਪੀ ਪੁਸਤਕ ਦਾ ਨਾਂ ਅੰਮ੍ਰਿਤ ਲਹਿਰਾਂ ਸੀ।

ਪ੍ਰ5. ਹੇਠਾਂ ਲਿਖੇ ਸ਼ਬਦਾਂ ਨੂੰ ਚੁਣ ਕੇ ਖਾਲੀ ਥਾਵਾਂ ਭਰੋ। (4)

(ਪਾਕਿਸਤਾਨ, ਦਿਹਾਂਤ, ਅਕਲ, ਚਿੜੀਆਂ)

1. ਬਚਨ ਨੂੰ ............ ਪਾਲਣ ਦਾ ਸ਼ੌਕ ਸੀ।
2. ਅੰਮ੍ਰਿਤਾ ਪ੍ਰੀਤਮ ਦਾ .................... 86 ਸਾਲ ਦੀ ਉਮਰ ਵਿੱਚ ਹੋਇਆ।
3. ਤਾਕਤ ਨਾਲੋਂ ................. ਵੱਡੀ ਹੁੰਦੀ ਹੈ।
4. ਭਾਰਤ-ਪਾਕਿਸਤਾਨ ਵੰਡ ਸਮੇਂ ਅੰਮ੍ਰਿਤਾ ਪ੍ਰੀਤਮ ਨੂੰ .................... ਛੱਡਣਾ ਪਿਆ।

Scanned with OKEN Scanner

ਵਿਆਕਰਨ

**ਪ੍ਰ6. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਅੱਗੇ (✓) ਦਾ ਨਿਸ਼ਾਨ ਲਗਾਉ। (ਵਿਸ਼ੇਸ਼ਣ)**

1. ਵਿਸ਼ੇਸ਼ਣ ਦੇ ਕਿੰਨੇ ਭੇਦ ਹਨ?

   ੳ) ਪੰਜ ਅ) ਚਾਰ

2. ਗੁਣਵਾਚਕ ਵਿਸ਼ੇਸ਼ਣ ਚੁਣੋ।

   ੳ) ਦੋ ਕਿਲੋ ਅ) ਹੁਸ਼ਿਆਰ

3. ................. ਚਾਹ ਪੀਉ।

   ੳ) ਗਰਮ ਅ) ਦੋ ਕਿਲੋ

4. ਮੈਨੂੰ .............. ਆਟਾ ਦਿਉ।

   ੳ) ਦੋ ਲੀਟਰ ਅ) ਇੱਕ ਕਿਲੋ

**ਪ੍ਰ7. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:**

1. ਖੇਡਾਂ ਦਾ ਸਮਾਨ ਪੰਜਾਬ ਵਿੱਚ ਕਿੱਥੇ ਬਣਾਇਆ ਜਾਂਦਾ ਹੈ?
2. ਬਾਲ-ਦਿਵਸ ਕਦੋਂ ਮਨਾਇਆ ਜਾਂਦਾ ਹੈ?
3. ਪੰਜਾਬ ਦੇ ਮੁੱਖ-ਮੰਤਰੀ ਦਾ ਨਾਂ ਦੱਸੋ।
4. ਧਰਤੀ ਦਾ ਸਵਰਗ ਕਿਸਨੂੰ ਕਿਹਾ ਜਾਂਦਾ ਹੈ?
5. ਭਾਰਤ ਦੀ ਪਵਿੱਤਰ ਨਦੀ ਦਾ ਨਾਂ ਦੱਸੋ।

**ਪ੍ਰ8. ਅਖਾਣ ਪੂਰੇ ਕਰੋ:**

**(ਮੀਆਂ, ਕੁੱਛੜ, ਫਿੱਕਾ, ਭਲਾ, ਚੁੱਪ)** (5

1. ਉੱਚੀ ਦੁਕਾਨ .............. ਪਕਵਾਨ।
2. ਅੰਤ ਭਲੇ ਦਾ .................।
3. .................. ਕੁੜੀ ਸ਼ਹਿਰ ਢੰਡੋਰਾ।
4. ਇੱਕ ...................... ਸੌ ਸੁੱਖ।
5. ਆਪਣੇ ਮੂੰਹ ................ ਮਿੱਠੂ।

**ਪ੍ਰ9. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ।**

ਉਸਤਤ, ਈਰਖਾ, ਅਸਲੀ, ਧਰਤੀ, ਨੌਕਰ, ਸੱਚ (3)

**ਪ੍ਰ10. ਹੇਠ ਲਿਖੇ ਅਸ਼ੁੱਧ ਸ਼ਬਦਾਂ ਦੇ ਸ਼ੁੱਧ ਸ਼ਬਦ ਲਿਖੋ।**

ਸੁਨੇਹਰੀ, ਆਕਾਸ਼, ਪੀਂਗ, ਭਿਖਾਰਣ, ਕਚੈਹਰੀ, ਉਪਾਯ (3)

Scanned with OKEN Scanner

ਪ੍ਰ11. ਹੇਠਾਂ ਲਿਖੀਆਂ ਬੁਝਾਰਤਾਂ ਦੇ ਉੱਤਰ ਦਿਉ: (4)

1. ਇੱਕ ਡੱਬੀ ਵਿੱਚ ਬੱਤੀ ਦਾਣੇ,

   ਬੁੱਝਣ ਵਾਲੇ ਬੜੇ ਸਿਆਣੇ।

2. ਚੂਨੇ ਦੀ ਕੋਠੜੀ, ਵਿੱਚ ਦਰਵਾਜ਼ਾ ਕੋਈ ਨਾ।
3. ਕਟੋਰੇ ਵਿੱਚ ਕਟੋਰਾ, ਬੇਟਾ ਬਾਪ ਤੋਂ ਵੀ ਗੋਰਾ।
4. ਨਿੱਕੀ ਜਿਹੀ ਕੁੜੀ, ਲੈ ਪਰਾਂਦਾ ਤੁਰੀ।

ਪ੍ਰ12. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਲਿਖੋ: (5)

1. ਘਿਉ ਖਿਚੜੀ ਹੋਣਾ -
2. ਛਿੱਲ ਲਾਹੁਣੀ -
3. ਤੋਤੇ ਉੱਡਣਾ -
4. ਝਾੜ-ਝੰਬ ਕਰਨੀ -
5. ਕੰਨਾਂ ਨੂੰ ਹੱਥ ਲਾਉਣਾ -

ਪ੍ਰ13. ਹੇਠਾਂ ਲਿਖੇ ਵਿਸ਼ੇ 'ਤੇ ਲੇਖ ਲਿਖੋ। (5)

ਸਵੇਰ ਦੀ ਸੈਰ

ਪ੍ਰ14. ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ। (5)

ਇੱਕ ਲੱਕੜਹਾਰਾ ਸੀ। ਇੱਕ ਦਿਨ ਉਹ ਇੱਕ ਨਦੀ ਦੇ ਕੰਢੇ ਲੱਕੜਾਂ ਕੱਟ ਰਿਹਾ ਸੀ। ਉਸਦੀ ਕੁਹਾੜੀ ਅਚਾਨਕ ਨਦੀ ਵਿੱਚ ਡਿੱਗ ਪਈ। ਉਹ ਰੋਣ ਲੱਗ ਪਿਆ। ਉਸਦਾ ਰੋਣਾ ਸੁਣਕੇ ਜਲ-ਦੇਵਤਾ ਵਾਪਸ ਆ ਗਿਆ। ਉਸਨੇ ਲੱਕੜਹਾਰੇ ਨੂੰ ਰੋਣ ਦਾ ਕਾਰਨ ਪੁੱਛਿਆ। ਲੱਕੜਹਾਰੇ ਨੇ ਸਾਰੀ ਗੱਲ ਦੱਸੀ। ਜਲ ਦੇਵਤੇ ਨੇ ਨਦੀ ਵਿੱਚ ਛਾਲ ਮਾਰੀ। ਜਦੋਂ ਬਾਹਰ ਆਇਆ ਤਾਂ ਉਸਦੇ ਹੱਥ ਵਿੱਚ ਸੋਨੇ ਦੀ ਕੁਹਾੜੀ ਸੀ। ਦੂਸਰੀ ਵਾਰ ਜਦੋਂ ਜਲ ਦੇਵਤਾ ਨਦੀ ਵਿੱਚੋਂ ਬਾਹਰ ਆਇਆ ਤਾਂ ਉਸਦੇ ਹੱਥ ਵਿੱਚ ਚਾਂਦੀ ਦੀ ਕੁਹਾੜੀ ਸੀ। ਪਰ ਲੱਕੜਹਾਰੇ ਨੇ ਉਹ ਕੁਹਾੜੀ ਲੈਣ ਤੋਂ ਇਨਕਾਰ ਕਰ ਦਿੱਤਾ। ਤੀਸਰੀ ਵਾਰ ਜਲ-ਦੇਵਤਾ ਲੋਹੇ ਦੀ ਕੁਹਾੜੀ ਬਾਹਰ ਲੈ ਕੇ ਆਇਆ। ਜਿਸਨੂੰ ਦੇਖਕੇ ਲੱਕੜਹਾਰਾ ਖੁਸ਼ ਹੋ ਗਿਆ। ਲੱਕੜਹਾਰੇ ਦੀ ਇਮਾਨਦਾਰੀ ਵੇਖਕੇ ਜਲ ਦੇਵਤੇ ਨੇ ਸਾਰੀਆਂ ਕੁਹਾੜੀਆਂ ਉਸਨੂੰ ਦੇ ਦਿੱਤੀਆਂ।

1. ਲੱਕੜਹਾਰਾ ਲੱਕੜਾਂ ਕਿੱਥੇ ਕੱਟ ਰਿਹਾ ਸੀ?
2. ਜਲ-ਦੇਵਤਾ ਨੇ ਲੱਕੜਹਾਰੇ ਤੋਂ ਕੀ ਪੁੱਛਿਆ?

**ਖਾਲੀ ਥਾਵਾਂ ਭਰੋ:**

1. ਦੂਸਰੀ ਵਾਰ ਜਲ ਦੇਵਤਾ ........... ਦੀ ਕੁਹਾੜੀ ਲੈ ਕੇ ਆਇਆ।
2. ਜਲ ਦੇਵਤਾ ਲੱਕੜਹਾਰੇ ਦੀ ............ ਤੋਂ ਖੁਸ਼ ਹੋਇਆ।
3. ਲੱਕੜਹਾਰੇ ਦੀ ਕੁਹਾੜੀ .............. ਵਿੱਚ ਡਿੱਗ ਗਈ।

Scanned with OKEN Scanner